GOVERNMENT OF WESTERN AUSTRALIA

Working with Children Check

# Factsheet CAT03
# ਬੱਚਿਆਂ ਨਾਲ ਸੰਬੰਧਿਤ ਕੰਮ ਦੀਆਂ ਸ਼੍ਰੇਣੀਆਂ
## 3: ਬੱਚਿਆਂ ਲਈ ਵਿੱਦਿਅਕ ਸੰਸਥਾ

Punjabi | ਪੰਜਾਬੀ

ਬੱਚਿਆਂ ਲਈ ਇੱਕ ਵਿੱਦਿਅਕ ਸੰਸਥਾ ਵਿੱਚ *ਸਕੂਲ ਸਿੱਖਿਆ ਐਕਟ* 1999 ਵਿੱਚ ਪਰਿਭਾਸ਼ਿਤ ਕੀਤੇ ਅਨੁਸਾਰ ਇੱਕ ਸਕੂਲ ਸ਼ਾਮਲ ਹੁੰਦਾ ਹੈ ਪਰ ਇਸ ਵਿੱਚ ਲਿਖਤੀ ਕਾਨੂੰਨ ਅਧੀਨ ਮਾਨਤਾ ਪ੍ਰਾਪਤ ਜਾਂ ਸਥਾਪਿਤ ਯੂਨੀਵਰਸਿਟੀਆਂ ਜਾਂ ਬੱਚਿਆਂ ਦੇ ਨਾਲ ਕੰਮ ਕਰਨ ਦੇ ਨਿਯਮਾਂ ਦੁਆਰਾ ਨਿਰਧਾਰਤ ਵਿੱਦਿਅਕ ਸੰਸਥਾਵਾਂ ਸ਼ਾਮਲ ਨਹੀਂ ਹੁੰਦੀਆਂ ਹਨ।

ਕਿਰਪਾ ਕਰਕੇ ਨੋਟ ਕਰੋ, ਯੂਨੀਵਰਸਿਟੀਆਂ ਵਿੱਚ ਕੰਮ ਕਰਨ ਵਾਲੇ ਕੁੱਝ ਲੋਕ ਅਜਿਹਾ ਕੰਮ ਕਰ ਰਹੇ ਹੋ ਸਕਦੇ ਹਨ ਜੋ ਬੱਚਿਆਂ ਨਾਲ ਸੰਬੰਧਿਤ ਕੰਮ ਦੀਆਂ ਹੋਰ ਸ਼੍ਰੇਣੀਆਂ ਦੇ ਅਧੀਨ ਆ ਸਕਦੇ ਹਨ।

## ਬੱਚਿਆਂ ਨਾਲ ਸੰਬੰਧਿਤ ਕੰਮ ਵਿੱਚ ਮੰਨੀਆਂ ਜਾਂਦੀਆਂ ਨੌਕਰੀ-ਭੂਮਿਕਾਵਾਂ

ਬੱਚਿਆਂ ਨਾਲ ਸੰਬੰਧਿਤ ਕੰਮ ਵਿੱਚ ਮੰਨੀਆਂ ਜਾਣ ਵਾਲੀਆਂ ਨੌਕਰੀ-ਭੂਮਿਕਾਵਾਂ ਦੀਆਂ ਕੁੱਝ ਉਦਾਹਰਣਾਂ ਹੇਠਾਂ ਦਿੱਤੀਆਂ ਗਈਆਂ ਹਨ। ਕਿਰਪਾ ਕਰਕੇ ਧਿਆਨ ਦਿਓ ਕਿ ਸਾਰੇ ਮਾਮਲਿਆਂ ਵਿੱਚ, ਕਿਸੇ ਨੌਕਰੀ-ਭੂਮਿਕਾ ਨੂੰ ਬੱਚਿਆਂ ਨਾਲ ਸੰਬੰਧਿਤ ਕੰਮ ਵਿੱਚ ਮੰਨੇ ਜਾਣ ਲਈ ਉਸ ਭੂਮਿਕਾ ਦੀਆਂ **ਆਮ ਡਿਊਟੀਆਂ (usual duties)** ਵਿੱਚ **ਬੱਚੇ (child)** ਨਾਲ **ਸੰਪਰਕ (contact)** ਕਰਨਾ ਲਾਜ਼ਮੀ ਹੋਣਾ, ਜਾਂ ਸੰਪਰਕ ਹੋਣ ਦੀ ਸੰਭਾਵਨਾ ਸ਼ਾਮਲ ਹੋਣੀ ਚਾਹੀਦੀ ਹੈ। ਨੌਕਰੀ-ਭੂਮਿਕਾਵਾਂ ਵਿੱਚ ਸ਼ਾਮਲ ਹਨ:

- ਅਧਿਆਪਕ
- ਗ਼ੈਰ-ਅਧਿਆਪਨ ਸਟਾਫ਼ ਜਿਸ ਵਿੱਚ ਸਕੂਲ ਦੇ ਰਜਿਸਟਰਾਰ, ਮਾਲੀ, ਸਫ਼ਾਈ ਸੇਵਕ ਅਤੇ ਰੱਖ-ਰਖਾਅ ਕਰਨ ਵਾਲੇ ਲੋਕ ਸ਼ਾਮਲ ਹੁੰਦੇ ਹਨ, ਜਿੰਨ੍ਹਾਂ ਦਾ ਰੁਜ਼ਗਾਰ ਸਕੂਲ ਦੇ ਸਮੇਂ ਦੌਰਾਨ ਹੁੰਦਾ ਹੈ ਅਤੇ ਜਿੰਨ੍ਹਾਂ ਦੀਆਂ ਆਮ ਡਿਊਟੀਆਂ ਵਿੱਚ ਬੱਚਿਆਂ ਨਾਲ ਸੰਪਰਕ ਸ਼ਾਮਲ ਹੁੰਦਾ ਹੈ
- ਸਕੂਲ ਵਿੱਚ ਸਕੂਲੀ ਬੱਚਿਆਂ ਨੂੰ ਸਿਹਤ ਸੇਵਾਵਾਂ ਪ੍ਰਦਾਨ ਕਰਨ ਵਾਲੇ ਲੋਕ
- ਸਕੂਲ ਵਿੱਚ ਹੋਣ ਵਾਲੇ ਸਕੂਲ ਦੇ ਸਮੇਂ ਤੋਂ ਬਾਅਦ ਦੇ ਗਤੀਵਿਧੀ ਪ੍ਰੋਗਰਾਮਾਂ ਦੇ ਨਿਰਦੇਸ਼ਕ ਜਾਂ ਆਗੂ

- ਮਨੋਰੰਜਨ ਕਰਨ ਵਾਲੇ ਅਤੇ ਸਕੂਲ ਫ਼ੋਟੋਗ੍ਰਾਫਰ ਜਿੰਨ੍ਹਾਂ ਦਾ ਸਕੂਲ ਵਿੱਚ ਬੱਚਿਆਂ ਨਾਲ ਸੰਪਰਕ ਹੈ
- ਬੁਲਾਰੇ ਅਤੇ ਹੋਰ ਸਿੱਖਿਅਕ ਜੋ ਆਪਣੇ ਕੰਮ ਦੀਆਂ ਆਮ ਡਿਊਟੀਆਂ ਦੇ ਹਿੱਸੇ ਵਜੋਂ ਵਿਦਿਆਰਥੀਆਂ ਨੂੰ ਭਾਸ਼ਣ ਦੇਣ ਲਈ ਸਕੂਲਾਂ ਦਾ ਦੌਰਾ ਕਰਦੇ ਹਨ
- ਕੰਟੀਨ ਜਾਂ ਟੱਕਸ਼ਾਪ ਦਾ ਸਟਾਫ਼ ਜੋ ਬੱਚਿਆਂ ਨਾਲ ਸੰਪਰਕ ਵਿੱਚ ਆਉਂਦਾ ਹੈ
- TAFE ਕਾਲਜ ਦੇ ਲੈਕਚਰਾਰ ਅਤੇ ਹੋਰ TAFE ਸਟਾਫ਼ ਜਿੰਨ੍ਹਾਂ ਦੀਆਂ ਆਮ ਡਿਊਟੀਆਂ ਵਿੱਚ ਬੱਚਿਆਂ ਨਾਲ ਸੰਪਰਕ ਕਰਨਾ ਸ਼ਾਮਲ ਹੁੰਦਾ ਹੈ।

ਕਿਰਪਾ ਕਰਕੇ ਨੋਟ ਕਰੋ, ਇੱਕ ਬਾਹਰੀ ਠੇਕੇਦਾਰ ਜੋ ਕਦੇ ਕਦਾਈਂ (ਐਡ-ਹਾਕ ਅਧਾਰ 'ਤੇ) ਸਕੂਲ ਵਿੱਚ ਜਾਂਦਾ ਹੈ ਅਤੇ ਬੱਚਿਆਂ ਨਾਲ ਸਿਰਫ਼ **ਇਤਫਾਕਨ (incidental)** ਸੰਪਰਕ ਵਿੱਚ ਆਉਂਦਾ ਹੈ, ਨੂੰ ਬੱਚਿਆਂ ਨਾਲ ਸੰਬੰਧਿਤ ਕੰਮ ਵਿੱਚ ਨਹੀਂ ਮੰਨਿਆ ਜਾਂਦਾ ਹੈ।

## ਛੋਟਾਂ

ਇਸ ਸ਼੍ਰੇਣੀ 'ਤੇ ਹੇਠ ਲਿਖੀਆਂ ਛੋਟਾਂ ਲਾਗੂ ਹੁੰਦੀਆਂ ਹਨ:

- 18 ਸਾਲ ਤੋਂ ਘੱਟ ਉਮਰ ਦੇ ਬਾਲ **ਵਾਲੰਟੀਅਰ (volunteers)**
- 18 ਸਾਲ ਤੋਂ ਘੱਟ ਉਮਰ ਦੇ ਵੇਤਨ-ਰਹਿਤ ਪਲੇਸਮੈਂਟ ਕਰ ਰਹੇ **ਵਿਦਿਆਰਥੀ (students)**
- WA ਵਿੱਚ **ਥੋੜ੍ਹੇ ਸਮੇਂ ਲਈ ਆਏ ਸੈਲਾਨੀ (short-term visitors)**
- ਉਸ ਵਿੱਦਿਅਕ ਸੰਸਥਾ ਵਿੱਚ ਕਿਸੇ **ਮਾਤਾ ਜਾਂ ਪਿਤਾ (parent)** ਵੱਲੋਂ ਵਲੰਟੀਅਰ ਕਰਨਾ ਜਿਸ ਵਿੱਚ ਬੱਚੇ ਦਾ ਨਾਮ ਦਰਜ ਹੈ, Factsheet CRW03 - ਛੋਟਾਂ, ਮਾਤਾ-ਪਿਤਾ ਵਾਲੰਟੀਅਰ ਛੋਟ ਵੇਖੋ। ਕਿਰਪਾ ਕਰਕੇ ਨੋਟ ਕਰੋ, ਰਾਤ ਦੇ ਸਕੂਲ ਕੈਂਪ ਲਈ ਮਾਤਾ-ਪਿਤਾ ਵੱਲੋਂ ਵਾਲੰਟੀਅਰ ਕਰਨ ਲਈ ਕੋਈ ਛੋਟ ਨਹੀਂ ਹੈ, ਸ਼੍ਰੇਣੀ 15 ਵੇਖੋ

- ਪੁਲਿਸ ਅਧਿਕਾਰੀ ਜੋ WA ਪੁਲਿਸ ਮੈਂਬਰ ਵਜੋਂ ਕੰਮ ਕਰਦੇ ਹਨ
- ਇੱਕ ਵਾਰੀ ਦੇ ਰਾਸ਼ਟਰੀ ਸਮਾਗਮ ਜਾਂ ਰਾਸ਼ਟਰੀ ਟੂਰ, Factsheet CRW02 - ਛੋਟਾਂ, ਇੱਕ ਵਾਰੀ ਦੇ ਰਾਸ਼ਟਰੀ ਸਮਾਗਮ ਅਤੇ ਰਾਸ਼ਟਰੀ ਟੂਰ ਵੇਖੋ।

ਬਾਹਰੀ ਠੇਕੇਦਾਰਾਂ ਬਾਰੇ ਜਾਣਕਾਰੀ ਸਮੇਤ, ਇਸ ਸ਼੍ਰੇਣੀ ਨਾਲ ਸੰਬੰਧਿਤ ਅਕਸਰ ਪੁੱਛੇ ਜਾਂਦੇ ਸਵਾਲਾਂ ਲਈ, ਕਿਰਪਾ ਕਰਕੇ Factsheet ORG05 -ਵਰਕਿੰਗ ਵਿਦ ਚਿਲਡਰਨ ਚੈੱਕ, ਸਿੱਖਿਆ ਖੇਤਰ ਵੇਖੋ।

**ਮੋਟੇ ਅੱਖਰਾਂ ਵਾਲੇ** ਸ਼ਬਦਾਂ ਦੀ ਪਰਿਭਾਸ਼ਾ www.workingwithchildren.wa.gov.au ' ਤੇ ਵਰਕਿੰਗ ਵਿਦ ਚਿਲਡਰਨ ਚੈੱਕ ਸ਼ਬਦਾਵਲੀ ਵਿੱਚ ਲੱਭੀ ਜਾ ਸਕਦੀ ਹੈ।